1661
3/10/19

**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ, ਐਸ.ਏ.ਐਸ ਨਗਰ**
**ਪੰਜਵੀ ਮੰਜਿਲ,ਈ-ਬਲਾਕ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8,ਐਸ.ਏ.ਐਸ ਨਗਰ।**
**(ਵਜੀਫਾ ਸਾਖਾ)**

ਵੱਲ

ਪੰਜਾਬ ਰਾਜ ਦੇ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ।

ਮੀਮੋ ਨੰ. 7/1-2019 ਵਜੀਫਾ(2)
ਮਿਤੀ:- 3-10-19

ਵਿਸ਼ਾ:- ਨੈਸ਼ਨਲ ਸਕਾਲਰਸਿਪ ਪੋਰਟਲwww.scholarships.gov.in ਤੇ ਸਮੂਹ ਵਿਦਿਅਕ ਸੰਸਥਾਵਾਂ ਦੀ ਰਜਿਸਟਰੇਸ਼ਨ ਕਰਨ ਦੇ ਸਬੰਧ ਵਿੱਚ।

2019220048
3/10/19

ਉਕਤ ਵਿਸ਼ੇ ਦੇ ਸਬੰਧ ਵਿੱਚ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵੱਲੋਂ ਪ੍ਰਾਪਤ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਮਿਤੀ 13-09-2019 ਨੂੰ ਪੰਜਾਬ ਰਾਜ ਦੀ ਜਿਲ੍ਹਾ ਵਾਰ ਜਾਰੀ ਆਨਲਾਈਨ Institute Registration Report ਅਨੁਸਾਰ ਕੁੱਲ 14,730 ਸੰਸਥਾਵਾਂ ਵੱਲੋਂ ਹੀ ਪੋਰਟਲ ਤੇ Institute Nodal Officer Form (INORF) ਭਰਿਆ ਗਿਆ ਹੈ।ਇਸ ਸਮੇਂ 15,442 ਸੰਸਥਾਵਾਂ ਦੁਆਰਾ INORF ਨੂੰ ਆਨਲਾਈਨ ਭਰਿਆ ਜਾਣਾ ਬਾਕੀ ਹੈ।ਜੇਕਰ ਇਨ੍ਹਾਂ ਸੰਸਥਾਵਾ ਵੱਲੋਂ ਫਾਰਮ ਭਰਕੇ ਪ੍ਰਵਾਨ ਨਹੀਂ ਕਰਵਾਏ ਗਏ ਤਾਂ ਵਿਦਿਆਰਥੀਆਂ ਦੀਆਂ ਦਰਖਾਸਤਾਂ ਸੰਸਥਾਵਾਂ ਦੇ ਲਾਗਇੰਨ ਆਈ.ਡੀ. ਵਿੱਚ ਵੈਰੀਫਾਈ ਕਰਨ ਲਈ ਲੰਬਿਤ ਰਹਿ ਜਾਣਗੀਆਂ।

ਇਸ ਲਈ ਇਸ ਸਬੰਧੀ ਆਪ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਜਾਰੀ ਵੈਰੀਫਿਕੇਸਨ ਦੀ ਸਮਾਂ-ਸ਼ਾਰਣੀ ਅਨੁਸਾਰ ਪ੍ਰੀ-ਮੈਟ੍ਰਿਕ ਸਕੀਮਾਂ ਲਈ ਮਿਤੀ 31-10-19 ਤੇ ਪੋਸਟ ਮੈਟ੍ਰਿਕ ਸਕੀਮਾਂ ਸਕਾਲਰਸਿਪ ਸਕੀਮਾਂ ਲਈ ਮਿਤੀ 15-11-2019 ਤੋਂ ਪਹਿਲਾ INORF ਨੂੰ ਬਿਨ੍ਹਾਂ ਕਿਸੇ ਦੇਰੀ ਤੋਂ ਭਰਨ ਉਪਰੰਤ ਨਿੱਜੀ ਪੱਧਰ ਤੇ ਜਿਲ੍ਹਾ ਨੋਡਲ ਅਫਸਰ ਜਾਂ ਸਬੰਧਤ ਦਫਤਰ ਤੋਂ ਪ੍ਰਵਾਨ ਕਰਵਾਉਣ ਲਈ ਸਮੂਹ ਵਿਦਿਅਕ ਸੰਸਥਾਵਾਂ ਨੂੰ ਪਾਬੰਦ ਕੀਤਾ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।

# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਮੀਮੋ ਨੰ: ਜੀ-6/19 —2019344472

ਮਿਤੀ : 07/10/2019

ਉਪਰੋਕਤ ਪੱਤਰ ਮੂਲ ਰੂਪ ਵਿਚ ਸਮੂਹ ਸਰਕਾਰੀ/ਮਾਨਤਾ ਪ੍ਰਾਪਤ/ਏਡਿਡ ਅਤੇ ਪ੍ਰਾਇਵੇਟ ਸਕੂਲ ਮੁਖੀ (ਸਮਸ/ਸਹਸ/ਸਸਸਸ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ । ਆਪ ਵੱਲੋ NSP ਪੋਰਟਲ ਤੇ ਸੰਸਥਾ ਦਾ ਰਜਿਸਟਰੇਸ਼ਨ ਫਾਰਮ ਅਪਰੂਵ ਨਾ ਕਰਵਾਉਣ ਕਾਰਨ ਜੇਕਰ ਕੋਈ ਵੀ ਵਿਦਿਆਰਥੀ ਵਜੀਫਾ ਅਪਲਾਈ ਕਰਨ ਤੋ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ।

07/10/19

ਜਿਲ੍ਹਾ ਸਿਖਿਆ ਅਫਸਰ(ਸੈ.ਸਿ.)
ਅੰਮ੍ਰਿਤਸਰ ।

7/10/19

7/10/19